Class – B.A (Sem II)

Topic :– Salient features of time Theory in Indian Music

Music (V)

## ਭਾਰਤੀ ਸੰਗੀਤ ਦਾ ਸਮਾਂ ਸਿਧਾਂਤ
## ਜਾਂ
## ਰਾਗ ਅਤੇ ਸਮਾਂ

ਸ਼ਾਸਤਰਕਾਰਾਂ ਨੇ ਆਪਣੇ ਅਨੁਭਵ ਅਤੇ ਮਨੋਵਿਗਿਆਨਿਕ ਅਧਾਰ ਤੇ ਭਾਰਤੀ ਸੰਗੀਤ ਵਿੱਚ ਅਧਿਕ ਤੋਂ ਅਧਿਕ ਸੁੰਦਰਤਾ ਭਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਅਧਾਰ ਤੇ ਰਾਗਾਂ ਦਾ ਭਿੰਨ- ਭਿੰਨ ਸਮਾਂ ਨਿਸ਼ਚਿਤ ਕੀਤਾ। ਭਾਰਤੀ ਸੰਗੀਤ ਦੀ ਇਹ ਵਿਸ਼ੇਸ਼ਤਾ ਹੈ ਕਿ ਹਰੇਕ ਰਾਗ ਦੇ ਵਜਾਉਣ ਦਾ ਸਮਾਂ ਨਿਸ਼ਚਿਤ ਹੁੰਦਾ ਹੈ। ਅਰਥਾਤ ਹਰ ਰਾਗ ਆਪਣੇ ਸਮੇਂ ਤੇ ਗਾਇਆ ਵਜਾਇਆ ਜਾਏ ਤਾਂ ਅਧਿਕ ਮਧੁਰ ਪ੍ਰਤੀਤ ਹੁੰਦਾ ਹੈ ਜਿਵੇਂ ਵਰਖਾ ਰੁੱਤ ਵਿੱਚ ਮੇਘ ਮਲਹਾਰ ਦਾ ਗਾਇਨ, ਬਸੰਤ ਦੇ ਦਿਨਾਂ ਵਿੱਚ ਬਸੰਤ ਬਹਾਰ ਰਾਗ ਅਧਿਕ ਪਿਆਰਾ ਮਾਲੂਮ ਹੁੰਦਾ ਹੈ। ਇਨ੍ਹਾਂ ਰਾਗਾਂ ਵਿੱਚ ਵੀ ਇਨ੍ਹਾਂ ਰੁੱਤਾਂ ਦਾ ਵਰਨਣ ਰਹਿੰਦਾ ਹੈ। ਇਨ੍ਹਾਂ ਮੌਸਮੀ ਰਾਗਾਂ ਨੂੰ ਉਨ੍ਹਾਂ ਦੀਆਂ ਉਪਯੁਕਤ ਰੁੱਤਾਂ ਵਿੱਚ ਤਾਂ ਗਾਇਆ ਹੀ ਜਾਂਦਾ ਹੈ। ਪਰੰਤੂ ਇਸਦੇ ਇਲਾਵਾ ਹਰੇਕ ਮੌਸਮ ਵਿੱਚ ਦਿਨ ਜਾਂ ਰਾਤ ਦੇ ਕਿਸੇ ਵਿਸ਼ੇਸ਼ ਪਹਿਰ ਵਿੱਚ ਵੀ ਗਾਇਆ ਅਤੇ ਵਜਾਇਆ ਜਾਂਦਾ ਹੈ

**ਸੰਗੀਤ ਇੱਕ ਪਰਿਵਰਤਨਸ਼ੀਲ ਕਲਾ:→** ਭਾਵੇਂ ਸੰਗੀਤ ਕਲਾ ਇਕ ਪਰਿਵਰਤਨਸ਼ੀਲ ਕਲਾ ਹੈ ਅਤੇ ਇਸ ਵਿੱਚ ਕਈ ਵਾਰ ਪਰਿਵਰਤਨ ਹੋਇਆ, ਪਰੰਤੂ ਰਾਗਾਂ ਦੇ ਸਮੇਂ ਵਿਭਾਜਨ ਵਿੱਚ ਕਦੇ ਵੀ ਕੋਈ ਪਰਿਵਰਤਨ ਨਹੀਂ ਹੋਇਆ।

ਸੰਗੀਤ ਕਲਾ ਜਦੋਂ ਤੋਂ ਆਰੰਭ ਹੋਈ ਹੈ ਤਦ ਤੋਂ ਹੀ ਇਸ ਦਾ ਸਮਾਂ ਸਿਧਾਂਤ ਬਣਿਆ ਅਤੇ ਹੁਣ ਤਕ ਚਲਿਆ ਆ ਰਿਹਾ ਹੈ। ਇਸ ਵਿੱਚ ਜਰਾ ਵੀ ਪਰਿਵਰਤਨ ਨਹੀਂ ਹੋਇਆ। ਜੋ ਰਾਗ ਉਸ ਕਾਲ ਵਿੱਚ ਜਿਸ ਸਮੇਂ 'ਚ ਗਾਇਆ ਜਾਂਦਾ ਸੀ, ਉਹ ਰਾਗ ਅੱਜ ਵੀ ਉਸ ਸਮੇਂ ਗਾਇਆ ਜਾਂਦਾ ਹੈ ਅਤੇ ਠੀਕ ਵੀ ਇਹੀ ਹੈ ਕਿ ਰਾਗ ਨੂੰ ਉਸੇ ਸਮੇਂ ਗਾਇਆ ਵਜਾਇਆ ਜਾਵੇ ਕਿਉਂਕਿ ਗੁਣੀਜਨਾਂ ਨੇ ਜੋ ਵੀ ਸਿਧਾਂਤ ਬਣਾਇਆ ਉਹ ਬਹੁਤ ਸੋਚ ਵਿਚਾਰ ਕੇ ਬਣਾਇਆ। ਕਿਸੇ ਰਾਗ ਨੂੰ ਉਸ ਦੇ ਸਮੇਂ ਅਨੁਸਾਰ ਗਾਇਆ ਅਤੇ ਵਜਾਇਆ ਨਾਂ ਜਾਵੇ ਤਾਂ ਨਾਂ ਗਾਇਕ ਅਤੇ ਵਾਦਕ ਨੂੰ ਅਨੰਦ ਆਏਗਾ ਅਤੇ ਨਾ ਹੀ ਸਰੋਤਿਆ ਨੂੰ ਸੰਤੁਸ਼ਟੀ ਹੋਵੇਗੀ। ਇਸ ਲਈ ਇਹ ਅੱਵਸ਼ਕ ਹੈ ਕਿ ਰਾਗਾਂ ਨੂੰ ਆਪਣੇ ਸਮੇਂ ਦੇ ਅਨੁਸਾਰ ਹੀ ਗਾਇਆ ਅਤੇ ਵਜਾਇਆ ਜਾਵੇ ਹੁਣ ਇਹ ਦੇਖਣਾ ਹੈ ਕਿ ਸਮਾਂ ਸਿਧਾਂਤ ਬਣਾਇਆ ਕਿਵੇਂ ਗਿਆ।

## ਪੂਰਵ ਰਾਗ ਉੱਤਰ ਰਾਗ

## ਜਾਂ

## ਪੂਰਵਾਂਗਵਾਦੀ ਰਾਗ ਅਤੇ ਉਤਰਾਂਗਵਾਦੀ ਰਾਗ

ਸੰਗੀਤ ਵਿਦਵਾਨਾਂ ਨੇ ਹਿੰਦੋਸਤਾਨੀ ਸੰਗੀਤ ਦੇ ਰਾਗ ਨੂੰ ਉਨ੍ਹਾਂ ਦੇ ਗਾਇਨ ਸਮੇਂ ਅਨੁਸਾਰ ਦੋ ਭਾਗਾਂ ਵਿੱਚ ਵੰਡਿਆ ਹੈ। ਰਾਗਾਂ ਦੇ ਵਰਗੀਕਰਣ ਦੇ ਅਨੁਸਾਰ ਸਾਨੂੰ ਰਾਗ ਦੇ ਪ੍ਰਕਾਰ ਦੇ ਮਿਲਦੇ ਹਨ।

## ਪੂਰਵ ਰਾਗ ਜਾਂ ਪੂਰਵਾਂਗਵਾਦੀ ਰਾਗ :→

ਰਾਗ ਯਮਨ ਦਾ ਵਾਦੀ ਸਵਰ ਗ ਹੈ। ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ ਜੋ ਕਿ ਪੂਰਵ ਜਾਂ ਪੂਰਵਾਂਗੀ ਰਾਗ ਹੈ।

## ਉੱਤਰ ਰਾਗ ਜਾਂ ਉਤਰਾਂਗਵਾਦੀ ਰਾਗ :→

ਰਾਗ ਆਸਾਵਰੀ ਦਾ ਵਾਦੀ ਸਵਰ ਧ ਹੈ ਜੋ ਪ੍ਰਾਤਕਾਲ ਗਾਇਆ ਵਜਾਇਆ ਜਾਂਦਾ ਹੈ ਜੋ ਕਿ ਉਤਰਾਂਗਵਾਦੀ ਹੈ।

| ਪੂਰਵ | ਉੱਤਰ |
|---|---|
| ਯਮਨ ਦਾ ਵਾਦੀ ਸਵਰ ਗ ਹੈ, ਦਿਨ ਦੇ 12 ਵਜੇ ਦੇ ਅੰਦਰ ਹੀ ਗਾਇਆ ਜਾਂਦਾ ਹੈ | ਭੈਰਵ ਰਾਗ ਦਾ 'ਧ' ਵਾਦੀ ਹੈ। ਗਾਇਨ ਸਮਾਂ 12 ਵਜੇ ਰਾਤ ਤੋਂ 12 ਵਜੇ ਦੁਪਹਿਰ ਤੱਕ। |

ਦਿਨ ਦੇ 24 ਘੰਟੇ ਹੁੰਦੇ ਹਨ ਅਤੇ ਵਿਗਿਆਨਿਕਾਂ ਨੇ ਇਨ੍ਹਾਂ 24 ਘੰਟਿਆਂ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ, ਜਿਸ ਵਿੱਚ ਹਰੇਕ ਭਾਗ 12 ਘੰਟਿਆ ਦਾ ਹੋ ਗਿਆ। ਦੁਪਹਿਰੇ ਦੇ 12 ਵਜੇ ਤੋਂ ਰਾਤ ਦੇ 12 ਵਜੇ ਤੱਕ ਇੱਕ ਭਾਗ ਹੈ ਜਿਸ ਨੂੰ ਪੂਰਵ ਭਾਗ ਕਿਹਾ ਜਾਂਦਾ ਹੈ ਅਤੇ ਦੂਸਰਾ ਭਾਗ ਰਾਤ ਦੇ 12 ਵਜੇ ਤੋਂ ਦਿਨ ਦੇ 12 ਵਜੇ ਤਕ ਦਾ ਹੈ ਜਿਸ ਨੂੰ ਉੱਤਰ ਭਾਗ ਕਹਿੰਦੇ ਹਨ ਜੋ ਰਾਗ ਦਿਨ ਦੇ ਉੱਤਰ ਭਾਗ ਅਰਥਾਤ ਰਾਤ ਦੇ 12

ਵਜੇ ਤੋਂ ਦਿਨ ਦੇ 12 ਵਜੇ ਤੱਕ ਗਾਏ ਵਜਾਏ ਜਾਂਦੇ ਹਨ, ਉਨ੍ਹਾਂ ਨੂੰ ਉੱਤਰ ਰਾਗ ਕਹਿੰਦੇ ਹਨ।

## ਸਪਤਕ ਦਾ ਵਿਭਾਜਨ :→

ਜਿਸ ਪ੍ਰਕਾਰ ਗੁਣੀਜਨਾਂ ਨੇ ਰਾਤ ਅਤੇ ਦਿਨ ਦੇ 24 ਘੰਟਿਆਂ ਨੂੰ ਦੋ ਬਰਾਬਰ ਭਾਗਾਂ ਵਿੱਚ ਵੰਡਿਆ, ਉਸ ਤਰ੍ਹਾਂ ਸਪਤਕ ਨੂੰ ਵੀ ਦੋ ਬਰਾਬਰ ਭਾਗਾਂ ਵਿੱਚ ਵੰਡਿਆ, ਅੱਠ ਸਵਰ ਪੂਰੇ ਕਰਨ ਦੇ ਲਈ ਤਾਰ ਸਪਤਕ ਦੇ ਸਡਜ ਨੂੰ ਮਿਲਾ ਲਿਆ ਜਿਸ ਨਾਲ ਅੱਠ ਸਵਰਾਂ ਨੂੰ ਬੜੀ ਸੁਵਿਧਾ ਨਾਲ ਬਰਾਬਰ ਦੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਸਪਤਕ ਦਾ ਪਹਿਲਾ ਭਾਗ ਸ ਰੇ ਗ ਮ ਹੈ, ਜਿਸਨੂੰ ਸਪਤਕ ਦਾ ਪੂਰਵਾਂਗ ਅਰਥਾਤ ਪਹਿਲਾ ਭਾਗ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਸਪਤਕ ਦਾ ਦੂਸਰਾ ਭਾਗ ਅਰਥਾਤ ਅੰਤਿਮ ਭਾਗ ਪ ਧ ਨੀ ਸ ਹੈ, ਜਿਸਨੂੰ ਸਪਤਕ ਦਾ ਉਤਰਾਂਗ ਭਾਗ ਕਿਹਾ ਜਾਂਦਾ ਹੈ। ਇਸ ਪ੍ਰਕਾਰ ਸਪਤਕ ਦੇ ਦੋ ਭਾਗ ਹੋਏ ਜਿਨ੍ਹਾਂ ਦਾ ਵਾਦੀ ਸਵਰ ਸਪਤਕ ਦੇ ਪੂਰਵਾਂਗ ਅਰਥਾਤ ਪਹਿਲੇ ਭਾਗ ਜਾਂ ਸ ਰੇ ਗ ਮ ਵਿੱਚੋਂ ਕੋਈ ਵੀ ਸਵਰ ਹੁੰਦਾ ਹੈ ਤਾਂ ਉਸ ਰਾਗ ਨੂੰ ਪੂਰਵਾਂਗਵਾਦੀ ਰਾਗ ਕਿਹਾ ਜਾਂਦਾ ਹੈ। ਇਸ ਤਰ੍ਹਾਂ ਜਿਨ੍ਹਾਂ ਰਾਗਾਂ ਦੀ ਵਾਦੀ ਸਵਰ ਸਪਤਕ ਦੇ ਉਤਰਾਂਗ ਅਰਥਾਤ ਅੰਤਿਮ ਜਾਂ ਦੂਸਰੇ ਭਾਗ ਜਾਣੀ ਪ ਧ ਨੀ ਸ ਵਿੱਚ ਆਉਂਦਾ ਹੈ, ਉਸਨੂੰ ਉਤਰਾਂਗਵਾਦੀ ਰਾਗ ਆਖਦੇ ਹਨ।

## ਸੰਧੀ ਪ੍ਰਕਾਸ਼ ਰਾਗ :→

ਜਿਹੜਾ ਰਾਗ ਦਿਨ ਅਤੇ ਰਾਤ ਦੀ ਸੰਧੀ ਵੇਲੇ ਗਾਏ ਜਾਂਦੇ ਹਨ, ਉਨ੍ਹਾਂ ਨੂੰ ਸੰਧੀ ਪ੍ਰਕਾਸ਼ ਰਾਗ ਕਹਿੰਦੇ ਹਨ ਦਿਨ ਅਤੇ ਰਾਤ ਦੀ ਸੰਧੀ ਦੋ ਵਾਰ ਹੁੰਦੀ ਹੈ। ਪ੍ਰਾਤਕਾਲੀਨ ਸੰਧੀ ਪ੍ਰਕਾਸ਼ ਸਮਾਂ ਸਵੇਰੇ 4 ਤੋਂ 7 ਵਜੇ ਤੱਕ ਮੰਨਿਆ ਜਾਂਦਾ ਹੈ, ਇਸੇ ਤਰ੍ਹਾਂ ਜੋ ਸਾਇੰਕਾਲ ਸੰਧੀ ਪ੍ਰਕਾਸ਼ ਸਮਾਂ ਹੁੰਦਾ ਹੈ। ਉਸਨੂੰ ਗੋਧਲੀ ਵੀ ਕਹਿੰਦੇ ਹਨ। ਇਸ ਲਈ ਸਾਇੰਕਾਲ 4 ਵਜੇ ਤੋਂ ਸ਼ਾਮ 7 ਵਜੇ ਤੱਕ ਨਿਸ਼ਚਿਤ ਹੈ। ਇਸ ਸਮੇਂ ਵਿੱਚ ਜੋ ਰਾਗ ਗਾਏ ਵਜਾਏ ਜਾਂਦੇ ਹਨ ਉਨ੍ਹਾਂ ਨੂੰ ਸੰਧੀ ਪ੍ਰਕਾਸ਼ ਰਾਗ ਹੀ ਕਹਿੰਦੇ ਹਨ ਕਿਉਂਕਿ ਸੰਧੀ ਪ੍ਰਕਾਸ਼ 24 ਘੰਟਿਆਂ ਵਿੱਚ ਦੋ ਵਾਰ ਆਉਂਦਾ ਹੈ ਇਸੇ ਲਈ ਸੰਧੀ ਪ੍ਰਕਾਸ਼ ਰਾਗ ਵੀ ਦੋ- ਦੋ ਵਾਰ ਗਾਏ ਵਜਾਏ ਜਾਂਦੇ ਹਨ।

## ਰੇ ਧ ਕੋਮਲ ਰੇ ਧ ਸ਼ੁੱਧ ਅਤੇ ਗ ਨੀ ਕੋਮਲ ਵਾਲੇ

**ਰਾਗ :→** ਸੰਧੀਪ੍ਰਕਾਸ਼ ਰਾਗਾਂ ਨੂੰ ਮੁੱਖ ਤਿੰਨ ਵਰਗਾਂ ਵਿੱਚ ਵਿਭਾਜਤ ਕੀਤਾ ਜਾ ਸਕਦਾ ਹੈ। ਰੇ ਧ ਕੋਮਲ, ਰੇ ਧ ਸ਼ੁੱਧ ਅਤੇ ਗ ਨੀ ਕੋਮਲ ਵਾਲੇ ਰਾਗ। ਹੇਠਾਂ ਇਨ੍ਹਾਂ ਤਿੰਨਾਂ ਵਰਗਾਂ ਦੇ ਰਾਗਾਂ ਤੇ ਪ੍ਰਕਾਸ਼ ਪਾਇਆ ਗਿਆ ਹੈ

## ਰੇ ਧ ਕੋਮਲ ਵਾਲੇ ਰਾਗ ਅਰਥਾਤ ਸੰਧੀ ਪ੍ਰਕਾਸ਼ ਰਾਗ:

ਜਿਨ੍ਹਾਂ ਰਾਗਾਂ ਵਿੱਚ ਰੇ ਧ ਸਵਰ ਕੋਮਲ ਲੱਗਦੇ ਹਨ ਉਹ ਸੰਧੀ ਪ੍ਰਕਾਸ਼ ਰਾਗ ਕਹੇ ਗਏ ਹਨ ਕਿਉਂਕਿ ਉਨ੍ਹਾਂ ਦਾ ਗਾਇਨ ਉਸ ਸਮੇਂ ਹੁੰਦਾ ਹੈ ਜਦੋਂ ਕਿ ਦਿਨ ਅਤੇ ਰਾਤ ਦੀ ਸੰਧੀ ਹੁੰਦੀ ਹੈ ਦੂਸਰੇ ਸ਼ਬਦਾਂ ਵਿੱਚ ਸੂਰਜ ਉਦੇ, ਸੂਰਜ ਅਸਤ ਦਾ ਸਮਾਂ ਸੰਧੀ

ਪ੍ਰਕਾਸ਼ ਕਾਲ ਕਹਾਉਂਦਾ ਹੈ ਭਾਰਤ ਵਿੱਚ ਸੂਰਜ ਉਦੈ ਅਤੇ ਸੂਰਜ ਅਸਤ ਦਾ ਸਮਾਂ ਰਿਤੂ ਦੇ ਅਨੁਸਾਰ ਬਦਲਿਆ ਜਾਂਦਾ ਹੈ ਅਤੇ ਸੰਧੀ ਪ੍ਰਕਾਸ਼ ਸਮਾਂ ਚਾਰ ਵਜੇ ਤੋਂ ਸੱਤ ਵਜੇ ਤੱਕ ਪ੍ਰਾਤਕਾਲ ਅਤੇ ਚਾਰ ਤੋਂ ਸੱਤ ਵਜੇ ਤੱਕ ਸਾਇੰਕਾਲ ਮੰਨਿਆ ਜਾਂਦਾ ਹੈ ਇਸ ਸਮੇਂ ਦੀ ਅਵਧੀ ਵਿੱਚ ਪੂਰਵੀ, ਮਾਰਵਾ ਅਤੇ ਭੈਰਵ ਥਾਟ ਦੇ ਸਾਰੇ ਰਾਗ ਗਾਏ ਜਾਂਦੇ ਹਨ। ਜਿਸ ਤਰ੍ਹਾਂ ਭੈਰਵ, ਕਲਿੰਗੜਾ, ਜੋਗੀਆ, ਲਲਿਤ, ਰਾਮਕਲੀ, ਸ੍ਰੀ ਮਾਰਵਾ, ਪੂਰਵੀ ਪੂਰੀਆ ਧਨਾਸਰੀ ਆਦਿ।

## ਰੇ ਧ ਸ਼ੁੱਧ ਵਾਲੇ ਰਾਗ :→

ਰੇ ਕੋਮਲ ਗ ਸ਼ੁੱਧ ਵਾਲੇ ਰਾਗਾਂ ਦੇ ਬਾਅਦ ਰੇ ਧ ਸ਼ੁੱਧ ਵਾਲੇ ਰਾਗਾਂ ਦੇ ਗਾਇਨ ਦੀ ਵਾਰੀ ਆਉਂਦੀ ਹੈ ਇਸ ਵਰਗ ਵਿੱਚ ਬਿਲਾਵਲ, ਖਮਾਜ ਅਤੇ ਕਲਿਆਣ ਥਾਟ ਦੇ ਰਾਗ ਆਉਂਦੇ ਹਨ ਜਿਵੇਂ ਬਿਲਾਵਲ, ਦੇਸ਼ਕਾਰ, ਭੂਪਾਲੀ, ਗੌੜ, ਸਾਰੰਗ, ਖਮਾਜ, ਬਿਹਾਗ, ਕਲਿਆਣ ਦੇਸ਼ ਆਦਿ ਇਸ ਵਰਗ ਦੇ ਰਾਗ ਵਿੱਚ ਇੱਕ ਵਿਸ਼ੇਸ਼ਤਾ ਇਹ ਪਾਈ ਜਾਂਦੀ ਹੈ ਕਿ ਇਨ੍ਹਾਂ ਵਿੱਚ ਹਮੇਸ਼ਾ ਸ਼ੁੱਧ ਗੰਧਾਰ ਪ੍ਰਯੋਗ ਕੀਤਾ ਜਾਂਦਾ ਹੈ ਇਸ ਵਰਗ ਦੇ ਰਾਗ ਦਾ ਸਮਾਂ ਸੱਤ ਤੋਂ ਦਸ ਵਜੇ ਤੱਕ ਸਵੇਰੇ ਅਤੇ ਸੱਤ ਤੋਂ ਦਸ ਤੱਕ ਰਾਤ ਮੰਨਿਆ ਗਿਆ ਹੈ ਰੇ ਗ ਸ਼ੁੱਧ ਵਾਲੇ ਰਾਗਾਂ ਦੇ ਵਰਗ ਵਿਚ ਵੀ ਮ ਦਾ ਸਥਾਨ ਕੁੱਝ ਘਟ ਨਹੀਂ ਹੈ ਸੱਤ ਵਜੇ ਤੋਂ ਦਸ ਵਜੇ ਤੱਕ ਸਵੇਰੇ ਗਾਏ ਜਾਣ ਵਾਲੇ ਰਾਗਾਂ ਵਿੱਚ ਸ਼ੁੱਧ ਮਧਿਅਮ ਅਤੇ ਇਸੇ ਸਮੇਂ ਰਾਤ ਨੂੰ ਗਾਏ ਜਾਣ ਵਾਲੇ ਰਾਗਾਂ ਵਿੱਚ ਮਧਿਅਮ ਦੀ ਪ੍ਰਧਾਨਤਾ ਮੰਨੀ ਗਈ ਹੈ ਜਿਵੇਂ

ਬਿਲਾਵਲ ਅਤੇ ਉਸਦੇ ਪ੍ਰਕਾਰ ਗੌੜ, ਮਾਰਿਗ, ਦੇਸਕਾਰ ਆਦਿ ਸਵੇਰੇ ਗਾਏ ਜਾਂਦੇ ਹਨ ਅਤੇ ਕਲਿਆਣ ਅਤੇ ਉਸਦੇ ਪ੍ਰਕਾਰ ਮਾਰੂ, ਬਿਹਾਗ ਆਦਿ ਰਾਤ ਨੂੰ ਗਾਏ ਜਾਂਦੇ ਹਨ।

## ਰੇ ਧ ਕੋਮਲ ਵਾਲੇ ਰਾਗ :→

ਦੂਸਰੇ ਵਰਗ ਦੇ ਰਾਗਾਂ ਦੇ ਪਿਛੇ ਰੇ ਧ ਕੋਮਲ ਵਾਲੇ ਰਾਗਾਂ ਦਾ ਸਮਾਂ ਆਉਂਦਾ ਹੈ। ਇਨ੍ਹਾਂ ਦੀ ਅਵਧੀ ੮ ਦਿਨ ਅਤੇ ਰਾਤ ਵਿੱਚ/ ਦਸ ਤੋਂ ਚਾਰ ਵਜੇ ਤੱਕ ਮੰਨਦੇ ਹਨ ਪਰੰਤੂ ਪਹਿਲਾ ਮਤ ਜ਼ਿਆਦਾ ਉਪਯੁਕਤ ਹੈ। ਪਹਿਲਾ ਕਾਰਨ ਇਹ ਹੈ ਕਿ ਇਸ ਵਰਗ ਵਿੱਚ ਚਾਰ ਥਾਟਾਂ ਦੇ ਰਾਗ ਆਉਂਦੇ ਹਨ- ਤੋੜੀ, ਅਸਾਵਰੀ, ਭੈਰਵੀ ਅਤੇ ਕਾਫੀ।